CLASS : 12th (Sr. Secondary) **Code No. 232**

**Series : SS/Annual-2023**

ਰੋਲ ਨੰ. | | | | | | | | | | |

**SET : C**

# ਪੰਜਾਬੀ

## PUNJABI

***ACADEMIC/OPEN***

(Only for Fresh/Re-appear/Improvement/Additional Candidates)

***ਸਮਾਂ : 3 ਘੰਟੇ ]*** ***[ ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੈਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

downloaded from StudentSuvidha.com



Download all NOTES and PAPERS at StudentSuvidha.com

*ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।*

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਮੈਂ ਕੰਡਿਆਲੀ ਥੋਹ੍ਰ ਵੇ ਸੱਜਣਾ ! ਉੱਗੀ ਵਿਚ ਉਜਾੜਾ,

ਜਾਂ ਉਡੱਦੀ ਬਦਲੋਟੀ ਕੋਈ ਵਰ੍ਹ ਗਈ ਵਿਚ ਪਹਾੜਾ।

ਜਾਂ ਉਹ ਦੀਵਾ ਜਿਹੜਾ ਬਲਦਾ, ਪੀਰਾਂ ਦੀ ਦੇਹਰੀ ਤੇ

ਜਾਂ ਕੋਈ ਕੋਇਲ ਕੰਠ ਜਿਦ੍ਹੇ ਦੀਆਂ, ਸੂਤੀਆਂ ਜਾਵਣ ਨਾੜਾਂ।

(ਅ) ਮੇਰੀ ਛਿਪੀ ਰਹੇ ਗੁਲਜ਼ਾਰ ਮੈ ਨੀਵਾਂ ਉੱਗਿਆ।

ਕੋਈ ਲਗੇ ਨਾ ਨਜ਼ਰ ਟਪਾਰ ਮੈਂ ਪਰਬਤ ਲੁਕਿਆ।

ਮੈਂ ਲਿਆ ਅਕਾਸ਼ੋਂ ਰੰਗ ਜੁ ਸ਼ੋਖ ਨ ਵੰਨ ਦਾ

ਹਾਂ ਧੁਰੋ ਗਰੀਬੀ ਮੰਗ ਮੈਂ ਆਯਾ ਜਗਤ ਤੇ।

downloaded from StudentSuvidha.com

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਤਾਜਮਹੱਲ

(ਅ) ਮੇਰਾ ਪਤਾ

(ੲ) ਜਲਕਣ



Download all NOTES and PAPERS at StudentSuvidha.com

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਉਧੋ ਕੌਣ ਸੀ ਅਤੇ ਉਸਨੂੰ ਕਿਸ ਕੋਲ ਭੇਜਿਆ ਗਿਆ ? 2

(ਅ) 'ਦਾਗ' ਕਵਿਤਾ ਵਿਚ ਮਾਂ ਦਾ ਮੂੰਹ ਅਤੇ ਪਿਉ ਦੀ ਪਿੱਠ ਰਾਹੀਂ ਕੀ ਸੰਕੇਤ ਮਿਲਦਾ ਹੈ ? 2

(ੲ) 'ਤਕ-ਤਕ ਕਸਬ ਹਨਰ ਮੁਗਲਾਂ ਦਾ ਹੈਰਤ ਵਧਦੀ ਜਾਵੇ' ਤੁਕ ਕਿਸ ਕਵਿਤਾ ਦੀ ਹੈ ? 1

(i) ਤਾਜਮਹੱਲ

(ii) ਮੇਰਾ ਪਤਾ

(iii) ਦਾਗ

(iv) ਰਾਧਾ ਸੰਦੇਸ਼

(ਸ) 'ਹੁਣ ਘਰਾਂ ਨੂੰ ਪਰਤਣਾ' ਕਵਿਤਾ ਕਿਸ ਕਵੀ ਦੀ ਹੈ ? 1

(i) ਅੰਮ੍ਰਿਤਾ ਪ੍ਰੀਤਮ

(ii) ਜਗਤਾਰ

(iii) ਸੁਰਜੀਤ ਪਾਤਰ

(iv) ਪ੍ਰੋ. ਪੂਰਨ ਸਿੰਘ

downloaded from StudentSuvidha.com

**4.** ਹੇਠ ਲਿਖੇ ਵਾਰਤਕ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਆਪਣੇ ਸ਼ਬਦਾ ਵਿਚ ਲਿਖੋ : 7

(ੳ) ਠਾਣੇਦਾਰੀ

(ਅ) ਮਲਕ ਭਾਗੋ ਤੇ ਭਾਈ ਲਾਲੋ

(ੲ) ਪਿਆਰ



Download all NOTES and PAPERS at StudentSuvidha.com

**5.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) ਬੀਬੀ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਕਿਸ ਤਰਾਂ ਸੇਵਾ ਕਰਦੇ ਸਨ? 3

(ਅ) ਵੈਦਰ ਕਰਾਫਟ ਕੌਣ ਸੀ? 2

(ੲ) 'ਸਭਿਅਤਾ ਦੇ ਦੋ ਪੱਧਰ' ਲੇਖ ਵਿਚ ਜਹਾਜ ਵਿਚਲਾ ਅਫਰੀਕਨ ਨੀਗਰੋ ਕੌਣ ਸੀ? 2

(ਸ) ਸੁਇਟਜ਼ਰਲੈਂਡ ਦੀ ਪ੍ਰਸਿਧ ਝੀਲ ਦਾ ਨਾਂ ਕੀ ਸੀ? 1

(i) ਏਵੀਆਂ

(ii) ਸੁਖਨਾ

(iii) ਡਲ

(iv) ਲੇਮਾਂ

**6.** 'ਸ਼ੋਭਾ-ਸ਼ਕਤੀ' ਨਾਟਕ ਦੇ ਪਹਿਲੇ ਨਾਟ ਦਾ ਸਾਰ ਲਿਖੋ। 7

**ਜਾਂ**

ਨਾਟਕ ਦੇ ਨਾਇਕ ਦਾ ਪਾਤਰ ਚਿਤਰਣ ਕਰੋ।

**7.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਲਿਖੋ :

(ੳ) 'ਸ਼ੋਭਾ-ਸ਼ਕਤੀ' ਨਾਟਕ ਵਿਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ? 3

(ਅ) ਸ਼ੋਭਾ ਦੇ ਨੂੰਹ-ਪੁੱਤਰ ਦਾ ਕੀ ਨਾਂ ਹੈ? 2

(ੲ) ਨਾਟਕ ਦੇ ਦੂਜੇ ਨਾਟ ਦਾ ਕੀ ਵਿਸ਼ਾ ਹੈ? 2



downloaded from StudentSuvidha.com
Download all NOTES and PAPERS at StudentSuvidha.com

(ਸ) ਨਾਟਕ ਕਦੋਂ ਲਿਖਿਆ ਗਿਆ ? 1

(i) 1960 (ii) 1962

(iii) 1964 (iv) 1966

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਬਾਬਾ ਸ਼ੇਖ ਫਰੀਦ

(ਅ) ਬੁੱਲ੍ਹੇ ਸ਼ਾਹ

downloaded from StudentSuvidha.com

**9.** ਹੇਠ ਲਿਖੇ ਪ੍ਰਸ਼ਨਾ ਦੇ ਸਹੀ ਉੱਤਰ ਚੁਣੋ :

(i) ਅੰਮ੍ਰਿਤਾ ਪ੍ਰੀਤਮ ਦਾ ਜਨਮ ਕਦੋਂ ਹੋਇਆ ? 1

(ੳ) 1912 (ਅ) 1914

(ੲ) 1917 (ਸ) 1919

(ii) ਕੁਦਰਤ ਦਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ ? 1

(ੳ) ਭਾਈ ਵੀਰ ਸਿੰਘ (ਅ) ਸੁਰਜੀਤ ਪਾਤਰ

(ੲ) ਬਾਵਾ ਬਲਵੰਤ (ਸ) ਡਾ੦ ਹਰਿਭਜਨ ਸਿੰਘ



Download all NOTES and PAPERS at StudentSuvidha.com

(iii) ਸ਼ਿਵਕੁਮਾਰ ਬਟਾਲਵੀ ਦੇ ਗੀਤਾਂ ਦੀ ਮੁਲ ਸੁਰ ਕੀ ਹੈ? 1

(ੳ) ਬਿਰਹਾ

(ਅ) ਉਪਦੇਸ਼

(ੲ) ਵਚਨ

(ਸ) ਪ੍ਰਗਤੀਵਾਦੀ

**10.** ਹੇਠ ਲਿਖੇ ਪ੍ਰਸ਼ਨਾ ਦੇ ਉੱਤਰ ਸੰਖੇਪ ਕਰਕੇ ਲਿਖੋ : $1 \times 10 = 10$

(ੳ) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸਨੇ ਢਾਲਿਆ?

(ਅ) ਸ਼ਾਹ ਮੁਹੰਮਦ ਕਿਸ ਕਾਵਿ-ਧਾਰਾ ਦਾ ਕਵੀ ਹੈ?

(ੲ) ਸ਼ਾਹ ਹੁਸੈਨ ਨੇ ਕਿੰਨੀਆਂ ਕਾਫੀਆਂ ਲਿਖਿਆ?

(ਸ) ਬਲਵੰਤ ਗਾਰਗੀ ਦਾ ਜਨਮ ਕਦੋਂ ਹੋਇਆ?

(ਹ) ਪ੍ਰਿ: ਤੇਜਾ ਸਿੰਘ ਨੂੰ ਕਿਸ ਖੇਤਰ ਵਿਚ ਪ੍ਰਸਿਧੀ ਮਿਲੀ?

(ਕ) 'ਪਿਆਰ ਕਬਜਾ ਨਹੀ ਪਹਿਚਾਣ ਹੈ' ਸਿਧਾਂਤ ਕਿਸ ਦਾ ਹੈ?

(ਖ) ਪ੍ਰੋ ਪੂਰਨ ਸਿੰਘ ਦੀ ਵਾਰਤਕ ਰਚਨਾ ਦਾ ਕੀ ਨਾਂ ਹੈ?

(ਗ) ਸੁਖਮਨੀ ਸਾਹਿਬ ਕਿਸ ਦੀ ਰਚਨਾ ਹੈ?

(ਘ) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ?

(ਙ) ਗੁਰਮਤਿ ਕਾਵਿ ਦਾ ਮੋਢੀ ਕਵੀ ਕੌਣ ਹੈ?



downloaded from StudentSuvidha.com

Download all NOTES and PAPERS at StudentSuvidha.com

**11.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇਕ*** ਸਿਖਿਆ ਉੱਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪਕੇ ਸੋ ਮੀਠਾ ਹੋਏ

(ਅ) ਜੈਸੇ ਨੂੰ ਤੈਸਾ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਸਿਰਲੇਖ ਸਹਿਤ ਲਿਖੋ : 5

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਚੰਗੀਆਂ ਪੁਸਤਕਾਂ ਪੜ੍ਹਨ ਅਤੇ ਚੰਗੀਆਂ ਗੱਲਾਂ ਗ੍ਰਹਿਣ ਕਰਨ। ਜਿਹੜੇ ਵਿਦਿਆਰਥੀ ਚੰਗਾ ਸਾਹਿਤ ਪੜ੍ਹਦੇ ਹਨ ਉਹ ਆਰੰਭ ਵਿਚ ਹੀ ਚੰਗੀਆਂ ਆਦਤਾਂ ਅਪਣਾ ਲੈਂਦੇ ਹਨ, ਕਿਉਂਕਿ ਉਨ੍ਹਾਂ ਦੇ ਸਾਹਮਣੇ ਸੰਸਾਰ ਦੇ ਮਹਾਨ ਮੱਨੁਖਾਂ ਦੇ ਉੱਤਮ ਵਿਚਾਰ ਅਤੇ ਜੀਵਨ ਦੀਆਂ ਉਦਾਹਰਣਾਂ ਹੁੰਦੀਆਂ ਹਨ। ਉਂਝ ਵੀ ਜਿਨ੍ਹਾਂ ਵਿਦਿਆਰਥੀਆਂ ਦੇ ਸਾਹਮਣੇ ਅਗੇ ਵਧਣ ਅਤੇ ਚੰਗੇ ਮੱਨੁਖਾਂ ਦਾ ਆਦਰਸ਼ ਹੁੰਦਾ ਹੈ ਉਹ ਚੰਗੀਆਂ ਆਦਤਾਂ ਅਪਨਾਉਣ ਵਲ ਤਤਪਰ ਰਹਿੰਦੇ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਫਲ ਮਨੁੱਖ ਬਣਨ ਵਿਚ ਚੰਗੀਆਂ ਆਦਤਾਂ ਹਮੇਸ਼ਾ ਸਹਾਈ ਹੁੰਦੀਆਂ ਹਨ।

downloaded from StudentSuvidha.com



Download all NOTES and PAPERS at StudentSuvidha.com